# ਮਰੀਜੁਆਨਾ: ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ
# Marijuana: What You Need to Know

### ਮਰੀਜੁਆਨਾ (ਭੰਗ) ਦੀ ਮਨਜ਼ੂਰਸ਼ੁਦਾ ਵਰਤੋਂ: Approved Marijuana Use:

ਹਾਲ ਦੀ ਘੜੀ, ਹੈਲਥ ਕੈਨੇਡਾ ਨੇ ਹੇਠ ਲਿਖੀਆਂ ਹਾਲਤਾਂ ਵਿਚ ਮਰੀਜੁਆਨਾ ਦੀ ਵਰਤੋਂ ਮਨਜ਼ੂਰ ਕੀਤੀ ਹੈ:

- ਕੈਂਸਰ ਦੇ ਇਲਾਜ ਕਾਰਨ ਦਿਲ ਕੱਚਾ ਹੋਣ ਅਤੇ ਉਲਟੀਆਂ ਹੋਣ ਤੇ
- ਨਸਾਂ (ਤੰਤੂਆਂ) ਕਿਸਮ ਦੀ ਦਰਦ/ਮਲਟੀਪਲ ਸਕਲੇਰੋਸਿਸ ਕਾਰਨ ਮਾਸਪੇਸ਼ੀਆਂ ਵਿਚ ਕੜਵੱਲਾਂ ਤੋਂ ਰਾਹਤ ਲਈ
- ਐਡਵਾਂਸ ਕੈਂਸਰ ਦੀਆਂ ਗੰਭੀਰ ਦਰਦਾਂ ਦੀ ਹਾਲਤ ਵਿਚ

ਹੋਰ ਹਾਲਤਾਂ ਵਿਚ ਵਰਤੋਂ ਬਾਰੇ ਕੁੱਝ ਨਹੀਂ ਕਹਿ ਸਕਦੇ, ਅਤੇ ਇਸ ਦਾ ਕੋਈ ਸਬੂਤ ਨਹੀਂ।

### ਵਪਾਰਕ ਡਰੱਗ ਦੇ ਉਪਲਬਧ ਪਦਾਰਥ: Available Commercial Drug Products:

- ਨੈਬੀਲੋਨ (ਸੇਸਾਮੇਟ®)– ਖਾਣ ਲਈ ਕੈਪਸੂਲ
- ਟੈਟਰਾਨਾਬੀਨੈਕਸ/ਨਬੀਡੀਓਲੈਕਸ (ਸੈਟੀਵੈਕਸ®)– ਬੁਕਲ ਸਪਰੇਅ (ਗੱਲ੍ਹਾਂ ਦੇ ਅੰਦਰਲੇ ਪਾਸੇ ਮੂੰਹ ਵਿਚ ਸਪਰੇਅ ਕਰਨ ਲਈ)

ਬਿਨਾਂ ਲਾਇਸੈਂਸ ਦੇ ਪਦਾਰਥਾਂ ਵਿਚ ਕੁਆਲਟੀ ਕੰਟਰੋਲ ਘਟ ਹੋਣ ਕਰਕੇ ਪਦਾਰਥਾਂ ਦਾ ਪੈਟੀਸਾਈਡ ਜਾਂ ਬੈਟੀਰੀਆਂ/ਫੰਗਸ ਨਾਲ ਦੂਸ਼ਿਤ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

### ਡਰੱਗ ਦੇ ਪਰਸਪਰ ਪ੍ਰਭਾਵ: Drug Interaction:

ਮਰੀਜੁਆਨਾ ਤੁਹਾਡੀਆਂ ਐਂਟੀ-ਰਿਜੈਕਸ਼ਨ ਦਵਾਈਆਂ ਟੈਕਰੋਲਿਮਸ ਜਾਂ ਸਾਈਕਲੋਸਪੋਰੀਨ ਨਾਲ ਪ੍ਰਕਿਰਿਆ ਕਰ ਸਕਦਾ ਹੈ ਇਸ ਲਈ ਸਰੀਰ ਅੰਦਰ ਡਰੱਗ ਦਾ ਲੈਵਲ ਸੀਮਾਂ ਅੰਦਰ ਯਕੀਨੀ ਬਣਾਉਣ ਲਈ ਖ਼ੂਨ ਤੇ ਜ਼ਿਆਦਾ ਕੰਮ ਕਰਨ ਦੀ ਲੋੜ ਹੋਵੇਗੀ। ਡਰੱਗ ਦੇ ਬਹੁਤ ਜ਼ਿਆਦਾ ਲੈਵਲ ਕਾਰਨ ਬਹੁਤ ਜ਼ਿਆਦਾ ਬੁਰੇ ਪ੍ਰਭਾਵ ਹੋ ਸਕਦੇ ਹਨ ਅਤੇ ਡਰੱਗ ਦਾ ਲੈਵਲ ਬਹੁਤ ਘਟ ਹੋਣ ਨਾਲ ਅੰਗ ਦੇ ਰੱਦ/ਰਿਜੈਕਟ ਹੋਣ ਦੇ ਚਾਂਸ ਵਧ ਸਕਦੇ ਹਨ।

### ਮਰੀਜੁਆਨਾ ਨਾਲ ਸਿਗਰਟਨੋਸ਼ੀ/ਸਾਹ ਲੈਣ ਦਾ ਖ਼ਤਰਾ: Risk of Smoking/ Inhalation Marijuana:

ਟ੍ਰਾਂਸਪਲਾਂਟ ਲਈ ਅੰਗ ਲੈਣ ਵਾਲਾ ਵਿਅਕਤੀ ਜੇ ਮਰੀਜੁਆਨਾ ਨਾਲ ਸਿਗਰਟਨੋਸ਼ੀ ਕਰਦਾ ਹੈ ਤਾਂ ਉਸ ਵਿਚ ਐਸਪਰਜਿਲਸ ਇਨਫੈਕਸ਼ਨ (aspergillus infection) ਵਿਕਸਤ ਹੋ ਸਕਦੀ ਹੈ, ਇਹ ਇਕ ਕਿਸਮ ਦੀ ਫੇਫੜਿਆਂ ਦੀ ਗੰਭੀਰ ਇਨਫੈਕਸ਼ਨ ਹੈ ਜੋ ਫੰਗਸ ਨਾਲ ਪੈਦਾ ਹੁੰਦੀ ਹੈ। ਇਸ ਨਾਲ ਸਿਹਤ ਖ਼ਰਾਬ ਰਹਿੰਦੀ ਹੈ ਅਤੇ ਮੌਤ ਵੀ ਹੋ ਸਕਦੀ ਹੈ। ਮਰੀਜੁਆਨਾ ਦੇ ਤੇਲ ਨੂੰ ਸੁੰਘਣ (ਸਾਹ ਲੈਣ) ਨਾਲ ਲਿਪਿਡ ਨਮੂਨੀਆ (ਫੇਫੜਿਆਂ ਦੀ ਗੰਭੀਰ ਇਨਫੈਕਸ਼ਨ ਜਿਸ ਕਾਰਨ ਮੌਤ ਹੋ ਸਕਦੀ ਹੈ) ਹੋ ਸਕਦਾ ਹੈ। ਇਸ ਲਈ ਮਰੀਜੁਆਨਾ ਨਾਲ ਸਿਗਰਟਨੋਸ਼ੀ ਕਰਨ ਜਾਂ ਸਾਹ ਲੈਣ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।

### ਮਰੀਜੁਆਨਾ ਵਾਲੇ ਪਦਾਰਥ ਖਾਣ ਦੇ ਖ਼ਤਰੇ (ਜਿਵੇਂ ਬਿਸਕੁਟ): Risk of Edible Marijuana (e.g. cookies):

ਟੀ.ਐਚ.ਸੀ./ਕੈਨਾਬਿਨੋਲ (ਮਰੀਜੁਆਨਾ ਦੇ ਸਰਗਰਮ ਤੱਤ) ਦੀ ਮਾਤਰਾ ਹਰ ਪਦਾਰਥ ਵਿਚ ਵੱਖ ਵੱਖ ਹੋ ਸਕਦੀ ਹੈ। ਖ਼ੂਨ ਦਾ ਰੈਗੂਲਰ ਕੰਮ ਇਹ ਯਕੀਨੀ ਬਣਾਉਣ ਲਈ ਬੜਾ ਮਹੱਤਵਪੂਰਨ ਹੈ ਕਿ ਸਰੀਰ ਵਿਚ ਡਰੱਗ ਦੀ ਮਾਤਰਾ ਲੋੜੀਂਦੀ ਸੀਮਾਂ ਦੇ ਅੰਦਰ ਹੀ ਹੈ। ਹਾਲਾਂਕਿ ਮਰੀਜੁਆਨਾ ਦੇ ਖਾਣ ਵਾਲੇ ਪਦਾਰਥਾਂ ਨੂੰ ਆਮ ਤੌਰ ਤੇ ਸਿਗਰਟਨੋਸ਼ੀ ਕਰਨ ਵਾਲੇ ਮਰਜੁਆਨੇ ਨਾਲੋਂ ਘਟ ਨੁਕਸਾਨਦੇਹ ਮੰਨਿਆ ਜਾਂਦਾ ਹੈ ਕਿਉਂ ਕਿ ਇਨ੍ਹਾਂ ਨਾਲ ਫੇਫੜਿਆਂ ਦੀ ਇਨਫੈਕਸ਼ਨ ਐਸਪਰਜਿਲਸ ਹੋਣ ਦੇ ਚਾਂਸ ਘਟ ਹੁੰਦੇ ਹਨ।

### ਬੁਰੇ ਪ੍ਰਭਾਵ: Side Effects:

- ਥੋੜ੍ਹੇ ਸਮੇਂ ਦੇ ਪ੍ਰਭਾਵ: ਦਿਲ ਕੱਚਾ ਹੋਣਾ, ਡੌਰ ਭੌਰ ਹੋਣਾ, ਚੱਕਰ ਆਉਣੇ, ਵਰਟੀਗੋ (ਚੱਕਰ ਆਉਣੇ ਮਹਿਸੂਸ ਹੋਣੇ)
- ਲੰਮੇ ਸਮੇਂ ਦੇ ਸੰਭਵ ਪ੍ਰਭਾਵ: ਫਿਕਰ, ਉਦਾਸੀ, ਯਾਦਦਾਸ਼ਤ ਦੀ ਸਮੱਸਿਆ, ਸੋਚੀ ਜਾਣਾ ਅਤੇ ਬਹਿਸ ਕਰੀ ਜਾਣਾ

ਜੇ ਇਸ ਜਾਣਕਾਰੀ ਪੱਤਰ ਬਾਰੇ ਤੁਹਾਨੂੰ ਕੋਈ ਚਿੰਤਾ ਹੈ ਤਾਂ ਕਿਰਪਾ ਕਰ ਕੇ ਆਪਣੇ ਫਾਰਮਾਸਿਸਟ ਨਾਲ ਗੱਲ ਕਰੋ।